# Ministry of Employment and Income Assistance

## ਮਨਿਸਟਰੀ ਦੀਆਂ ਕਦਰਾਂ-ਕੀਮਤਾਂ

## *ਅਸੀਂ ਕਦਰ ਕਰਦੇ ਹਾਂ:*

### ਲੋਕ

ਸਾਡੇ ਮਨਿਸਟਰੀ ਦੇ ਕੰਮ ਦੇ ਆਧਾਰ ਵਿਚ ਲੋਕਾਂ ਦੀ ਕਦਰ ਕਰਨਾ।
ਸਾਡੀ ਸੰਸਥਾ ਦਾ ਸੱਭ ਤੋਂ ਵੱਡਾ ਗੁਣ ਸਾਡੇ ਲੋਕ ਹਨ – ਉਨ੍ਹਾਂ ਦਾ ਗਿਆਨ, ਹੁਨਰ ਅਤੇ ਤਜਰਬਾ। ਅਸੀਂ ਭਿੰਨਤਾ ਵਿਚਲੀ ਸ਼ਕਤੀ ਦੀ ਕਦਰ ਕਰਦੇ ਹਾਂ ਅਤੇ ਲੀਡਰਸ਼ਿਪ, ਖੁਲ੍ਹੀ ਗੱਲਬਾਤ, ਸ਼ਮੂਲੀਅਤ, ਸਹਿਯੋਗੀ ਟੀਮਵਰਕ ਅਤੇ ਨਿੱਜੀ ਅਤੇ ਪੇਸ਼ਾਵਰ ਵਿਕਾਸ ਨੂੰ ਵਿਕਸਤ ਕਰਕੇ ਇਕ ਦੂਜੇ ਦੀ ਅਤੇ ਆਪਣੇ ਗਾਹਕਾਂ ਦੀ ਮਦਦ ਕਰਦੇ ਹਾਂ।

### ਨਿੱਜੀ ਜ਼ਿੰਮੇਵਾਰੀ

ਅਸੀਂ ਨਿੱਜੀ ਜ਼ਿੰਮੇਵਾਰੀ ਦੀ ਕਦਰ ਕਰਦੇ ਹਾਂ ਜਿਸ ਨਾਲ ਸਟਾਫ ਅਤੇ ਗਾਹਕਾਂ ਦੀ ਸਮਰਥਾ, ਸਵੈ-ਨਿਰਭਰਤਾ ਅਤੇ ਸਵੈ-ਮਹੱਤਵ ਵਿਚ ਵਾਧਾ ਹੁੰਦਾ ਹੈ। ਅਸੀਂ ਨਿੱਜੀ ਜ਼ਿੰਮੇਵਾਰੀ ਅਤੇ ਹਮਦਰਦੀ ਵਿਚਕਾਰ ਸੰਤੁਲਨ ਰੱਖਦੇ ਹਾਂ।

### ਆਦਰ ਅਤੇ ਹਮਦਰਦੀ

ਇਹ ਕਦਰਾਂ-ਕੀਮਤਾਂ ਸਾਡੇ ਹਰ ਵਿਚ, ਸਟਾਫ ਅਤੇ ਗਾਹਕਾਂ ਨੂੰ ਸੇਵਾਵਾਂ ਦੇਣ ਵੇਲੇ ਰੋਜ਼ਾਨਾ ਸੰਪਰਕ ਦਾ ਅਕਸ ਦਿਖਾਉਂਦੀਆਂ ਹਨ। ਅਸੀਂ ਦੂਜਿਆਂ ਨਾਲ ਇਸ ਤਰ੍ਹਾਂ ਦਾ ਵਰਤਾਉ ਕਰਦੇ ਹਾਂ ਜਿਸ ਤਰ੍ਹਾਂ ਦਾ ਅਸੀਂ ਆਪਣੇ ਨਾਲ ਕੀਤਾ ਜਾਣਾ ਚਾਹੁੰਦੇ ਹਾਂ ਅਤੇ ਹਮਦਰਦੀ ਨਾਲ ਉਨ੍ਹਾਂ ਨੂੰ ਪੇਸ਼ ਆ ਰਹੀਆਂ ਚੁਣੌਤੀਆਂ ਨੂੰ ਸਮਝਣ ਦਾ ਪੂਰਾ ਯਤਨ ਕਰਦੇ ਹਾਂ। ਅਸੀਂ ਇਹ ਮੰਨਦੇ ਹਾਂ ਕਿ ਇਹ ਕਦਰਾਂ-ਕੀਮਤਾਂ ਨਿੱਘੇਪਣ, ਦੇਖਭਾਲ, ਧੀਰਜ ਅਤੇ ਨੇਕਨੀਤੀ ਰਾਹੀਂ ਵੱਖੋ ਵੱਖਰੇ ਤਰੀਕੇ ਨਾਲ ਪ੍ਰਗਟਾਈਆਂ ਜਾਂਦੀਆਂ ਹਨ।

### ਨਿਰਪੱਖਤਾ ਅਤੇ ਵਾਜਬਤਾ

ਆਪਣੇ ਗਾਹਕਾਂ, ਪਬਲਿਕ ਅਤੇ ਇਕ ਦੂਜੇ ਦੀ ਅਸਰਦਾਰ ਤਰੀਕੇ ਨਾਲ ਸੇਵਾ ਕਰਨ ਲਈ, ਅਸੀਂ ਨਿਰਪੱਖਤਾ ਅਤੇ ਵਾਜਬਤਾ ਦਾ ਸੰਤੁਲਨ ਰੱਖਣ ਲਈ ਆਪਣੇ ਗਿਆਨ, ਹੁਨਰਾਂ ਅਤੇ ਤਜਰਬੇ 'ਤੇ ਨਿਰਭਰ ਕਰਦੇ ਹਾਂ। ਅਸੀਂ ਨਿੱਜੀ ਲੋੜਾਂ ਅਤੇ ਕਾਨੂੰਨ ਅਤੇ ਪਾਲਸੀ ਦੇ ਮਾਪਦੰਡਾਂ ਦੀ ਪਛਾਣ ਕਰਦੇ ਹੋਏ, ਇਕਸਾਰਤਾ ਅਤੇ ਨਿਰਪੱਖਤਾ ਨਾਲ ਕਾਰਜ ਕਰਨ ਦਾ ਪੂਰਾ ਯਤਨ ਕਰਦੇ ਹਾਂ। ਸਾਡੇ ਸੰਸਥਾ ਦੇ ਅਮਲ ਇਨ੍ਹਾਂ ਕਦਰਾਂ-ਕੀਮਤਾਂ ਨੂੰ ਰੂਪਮਾਨ ਕਰਨਗੇ।

### ਜਵਾਬਦੇਹੀ

ਅਸੀਂ ਆਪਣੇ ਫੈਸਲਿਆਂ ਅਤੇ ਕਾਰਜਾਂ ਅਤੇ ਆਪਣੇ ਗਾਹਕਾਂ ਨਾਲ ਸੰਬੰਧਿਤ ਫੈਸਲਿਆਂ ਪ੍ਰਤੀ ਜਵਾਬਦੇਹੀ ਦੀ ਕਦਰ ਕਰਦੇ ਹਾਂ। ਅਸੀਂ ਆਪਣੀ ਕਾਰਗੁਜ਼ਾਰੀ ਲਈ ਇਕ ਵਿਆਪਕ ਅਤੇ ਸੰਤੁਲਤ ਤਰੀਕਾ ਵਰਤਾਂਗੇ ਜਿਹੜਾ ਸਟਾਫ, ਗਾਹਕ ਅਤੇ ਕਾਰੋਬਾਰੀ ਲੋੜਾਂ ਨੂੰ ਮਾਨਤਾ ਦਿੰਦਾ ਹੋਵੇ।

### ਪਾਰਦਰਸ਼ਤਾ ਅਤੇ ਖੁਲ੍ਹੀ ਗੱਲਬਾਤ

ਆਪਣੇ ਅਮਲਾਂ ਅਤੇ ਫੈਸਲਿਆਂ ਵਿਚ ਪਾਰਦਰਸ਼ਤਾ ਅਤੇ ਖੁਲ੍ਹੀ ਗੱਲਬਾਤ ਸਾਡੀ ਸੰਸਥਾ ਦੀ ਕਾਮਯਾਬੀ ਲਈ ਬਹੁਤ ਜ਼ਰੂਰੀ ਹੈ। ਇਹ ਕਾਮਯਾਬੀ ਯਕੀਨੀ ਬਣਾਉਣ ਲਈ ਅਸੀਂ ਗੱਲਬਾਤ ਨੂੰ ਉਤਸ਼ਾਹ ਦਿਆਂਗੇ।

***ਸਾਡੀਆਂ ਕਦਰਾਂ-ਕੀਮਤਾਂ ਮਨਿਸਟਰੀ ਦੀ ਸੁਹਿਰਦਤਾ ਦੀ ਹਿਮਾਇਤ ਕਰਦੀਆਂ ਹਨ। ਆਪਣੀਆਂ ਸੇਵਾਵਾਂ ਦੇਣ ਦਾ ਤਰੀਕਾ ਅਤੇ ਇਸ ਤਰੀਕੇ ਨਾਲ ਕਾਰਜ ਕਰਨ ਦੀ ਸਾਡੀ ਸਮਰਥਾ ਜਿਹੜਾ ਸਾਡੀਆਂ ਕਦਰਾਂ-ਕੀਮਤਾਂ ਦਾ ਅਕਸ ਦਿਖਾਵੇ, ਸਾਡੇ ਸਟਾਫ, ਗਾਹਕਾਂ ਅਤੇ ਪਬਲਿਕ ਵਿਚ ਭਰੋਸਾ ਕਾਇਮ ਕਰਨ ਲਈ ਬਹੁਤ ਜ਼ਰੂਰੀ ਹਨ।***

BRITISH COLUMBIA
Ministry of Employment and Income Assistance